Regd. No. NW/CH-22 Regd. No. CHD/0092/2018-2020

Punjab Government Gazette

EXTRAORDINARY

*Published by Authority*

CHANDIGARH, WEDNESDAY, JULY 29, 2020 (SRAVANA 7, 1942 SAKA)

**ਪੰਜਾਬ ਸਰਕਾਰ**

ਰੱਖਿਆ ਸੇਵਾਵਾਂ ਭਲਾਈ ਵਿਭਾਗ

(ਰੱਖਿਆ ਸੇਵਾਵਾਂ ਭਲਾਈ ਸ਼ਾਖਾ)

**ਨੋਟੀਫਿਕੇਸ਼ਨ**

ਮਿਤੀ 28 ਜੁਲਾਈ, 2020

**ਨੰ: 12/45/2020-4ਰਭ/1/55831/2020.**-ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਇਸ ਵਿਭਾਗ ਦੇ ਹੁਕਮ ਨੰ. 3/1/015-4ਰਭ/739984 ਮਿਤੀ 26.4.2016 ਰਾਹੀਂ ਮਿਤੀ 1.1.1999 ਤੋਂ ਬਾਅਦ ਪੰਜਾਬ ਰਾਜ ਦੇ ਰੱਖਿਆ ਸੇਵਾਵਾਂ ਅਤੇ ਪੈਰਾ ਮਿਲਟਰੀ ਫੋਰਸਿਜ਼ ਦੇ ਸ਼ਹੀਦ ਹੋਏ ਸੈਨਿਕਾਂ ਦੇ ਵਾਰਸਾਂ/ਪਰਿਵਾਰਾਂ ਅਤੇ ਸ਼ਰੀਰਕ ਤੌਰ ਤੇ ਨਕਾਰਾ ਹੋਣ ਵਾਲੇ ਸੈਨਿਕਾਂ ਨੂੰ ਦਿੱਤੀ ਜਾਣ ਵਾਲੀ ਐਕਸ ਗ੍ਰੇਸ਼ੀਆ ਰਾਸ਼ੀ, ਨੋਟੀਫਿਕੇਸ਼ਨ ਨੰ: 2/21/1999-7ਰਭ/ਡਬਲਿਯੂ.ਐਚ ਫੰਡ/1745 ਮਿਤੀ 10.8.1999 ਰਾਹੀਂ ਦਿੱਤੀ ਜਾਣ ਵਾਲੀ ਪਲਾਟ ਬਦਲੇ ਨਕਦ ਰਾਸ਼ੀ ਅਤੇ ਨੋਟੀਫਿਕੇਸ਼ਨ ਨੰ: 2/21/1999-7ਰਭ/ਡਬਲਿਯੂ. ਐਚ.ਈ.ਆਰ.ਫੰਡ/(ਦੂਜੀ ਸੋਧ/2001) ਮਿਤੀ 10.1.2001 ਰਾਹੀਂ ਦਿੱਤੀ ਜਾਣ ਵਾਲੀ ਸ਼ਾਦੀ-ਸ਼ੁਦਾ ਸ਼ਹੀਦ ਦੇ ਮਾਤਾ-ਪਿਤਾ ਨੂੰ ਵਾਧੂ ਮਾਲੀ ਸਹਾਇਤਾ ਵਿੱਚ ਹੇਠ ਲਿਖੇ ਅਨੁਸਾਰ ਵਾਧਾ ਕਰਨ ਦੀ ਪ੍ਰਵਾਨਗੀ ਦਿੰਦੇ ਹਨ। ਇਹ ਰੇਟ ਮਿਤੀ 15.6.2020 ਅਤੇ ਇਸ ਤੋਂ ਬਾਅਦ ਹੋਣ ਵਾਲੀ ਬੈਟਲ ਕੈਜ਼ੂਅਲਟੀ ਤੇ ਲਾਗੂ ਹੋਣਗੇ:-

**ਸ਼ਾਦੀ ਸ਼ੁਦਾ ਸ਼ਹੀਦ ਦੇ ਵਾਰਸਾਂ ਨੂੰ ਦਿੱਤੀ ਜਾਣ ਵਾਲੀ ਰਾਸ਼ੀ**

**(ਰਾਸ਼ੀ ਲੱਖਾਂ ਵਿੱਚ)**

| ਲੜੀ ਨੰ: | ਐਕਸ ਗ੍ਰੇਸ਼ੀਆ ਦੀ ਕਿਸਮ | ਪਹਿਲਾਂ ਦਿੱਤੀ ਜਾ ਰਹੀ ਰਾਸ਼ੀ | ਵਾਧਾ ਕਰਨ ਉਪਰੰਤ ਦਿੱਤੀ ਜਾਣ ਵਾਲੀ ਰਾਸ਼ੀ |
|---|---|---|---|
| 1 | ਸ਼ਹੀਦ ਹੋਏ ਸੈਨਿਕਾਂ ਦੇ ਵਾਰਸਾਂ ਨੂੰ ਐਕਸ ਗ੍ਰੇਸ਼ੀਆ | 5.00 | 35.00 |
| 2 | ਮਕਾਨ/ਪਲਾਟ ਬਦਲੇ ਨਕਦ ਰਾਸ਼ੀ | 5.00 | 5.00 |
| 3 | ਸ਼ਾਦੀ-ਸ਼ੁਦਾ ਸ਼ਹੀਦ ਦੇ ਮਾਤਾ-ਪਿਤਾ ਨੂੰ ਵਾਧੂ ਮਾਲੀ ਸਹਾਇਤਾ | 2.00 | 10.00 |

**ਕੁਆਰੇ ਸ਼ਹੀਦ ਦੇ ਵਾਰਸਾਂ ਨੂੰ ਦਿੱਤੀ ਜਾਣ ਵਾਲੀ ਰਾਸ਼ੀ**

**(ਰਾਸ਼ੀ ਲੱਖਾਂ ਵਿੱਚ)**

| ਲੜੀ ਨੰ: | ਐਕਸ ਗ੍ਰੇਸ਼ੀਆ ਦੀ ਕਿਸਮ | ਪਹਿਲਾਂ ਦਿੱਤੀ ਜਾ ਰਹੀ ਰਾਸ਼ੀ | ਵਾਧਾ ਕਰਨ ਉਪਰੰਤ ਦਿੱਤੀ ਜਾਣ ਵਾਲੀ ਰਾਸ਼ੀ |
|---|---|---|---|
| 1 | ਸ਼ਹੀਦ ਹੋਏ ਸੈਨਿਕਾਂ ਦੇ ਵਾਰਸਾਂ ਨੂੰ ਐਕਸ ਗ੍ਰੇਸ਼ੀਆ | 5.00 | 45.00 |
| 2 | ਮਕਾਨ/ਪਲਾਟ ਬਦਲੇ ਨਕਦ ਰਾਸ਼ੀ | 5.00 | 5.00 |

**ਨਕਾਰਾ ਹੋਏ ਸੈਨਿਕਾਂ ਨੂੰ ਦਿੱਤੀ ਜਾਣ ਵਾਲੀ ਰਾਸ਼ੀ**

**(ਰਾਸ਼ੀ ਲੱਖਾਂ ਵਿੱਚ)**

| ਲੜੀ ਨੰ: | ਐਕਸ ਗ੍ਰੇਸ਼ੀਆ ਦੀ ਕਿਸਮ | ਪਹਿਲਾਂ ਦਿੱਤੀ ਜਾ ਰਹੀ ਰਾਸ਼ੀ | ਵਾਧਾ ਕਰਨ ਉਪਰੰਤ ਦਿੱਤੀ ਜਾਣ ਵਾਲੀ ਰਾਸ਼ੀ |
|---|---|---|---|
| 1 | 76% ਤੋਂ 100% ਨਕਾਰਾ ਹੋਏ ਸੈਨਿਕਾਂ ਨੂੰ ਐਕਸ ਗ੍ਰੇਸ਼ੀਆ | 4.00 | 20.00 |
| 2 | 51% ਤੋਂ 75% ਨਕਾਰਾ ਹੋਏ ਸੈਨਿਕਾਂ ਨੂੰ ਐਕਸ ਗ੍ਰੇਸ਼ੀਆ | 2.00 | 10.00 |
| 3 | 25% ਤੋਂ 50% ਨਕਾਰਾ ਹੋਏ ਸੈਨਿਕਾਂ ਨੂੰ ਐਕਸ ਗ੍ਰੇਸ਼ੀਆ | 1.00 | 5.00 |

2. ਵਿੱਤ ਵਿਭਾਗ ਵਲੋਂ ਇਹ ਵੀ ਪ੍ਰਵਾਨਗੀ ਦਿੱਤੀ ਗਈ ਹੈ ਕਿ ਐਕਸ ਗ੍ਰੇਸ਼ੀਆ ਰਾਸ਼ੀ ਦੀ ਕੁੱਲ ਸਹਾਇਤਾ ਦਾ 10% ਹਿੱਸਾ (ਰੁਪਏ 5.00 ਲੱਖ) ਅੰਤਿਮ ਸੰਸਕਾਰ ਦੇ ਸਮੇਂ ਜਾਂ ਭੋਗ ਸਮਾਰੋਹ ਦੇ ਸਮੇਂ ਦਿੱਤਾ ਜਾਵੇ। ਬਾਕੀ 90% ਹਿੱਸਾ Integrated HQ of MOD ਤੋਂ ਬੈਟਲ ਕੈਜੂਅਲਟੀ ਰਿਪੋਰਟ ਪ੍ਰਾਪਤ ਹੋਣ ਉਪਰੰਤ ਦਿੱਤਾ ਜਾਵੇਗਾ।

3. ਉਪਰੋਕਤ ਤਜਵੀਜ਼ ਦੀ ਪ੍ਰਵਾਨਗੀ ਵਿੱਤ ਵਿਭਾਗ (ਵਿੱਤ ਖਰਚਾ-6 ਸ਼ਾਖਾ) ਵਲੋਂ ਉਨਾਂ ਦੇ ਅੰ.ਵਿ.ਪੱ.ਨੰ.FD-FE-60RULE/3/2020-2FE6/1/46919/2020,ਮਿਤੀ 08.07.2020 ਰਾਹੀ ਦਿੱਤੀ ਗਈ ਹੈ।

ਚੰਡੀਗੜ੍ਹ
ਮਿਤੀ 28 ਜੁਲਾਈ,2020

**ਗੁਰਕਿਰਤ ਕਿਰਪਾਲ ਸਿੰਘ,ਆਈ.ਏ.ਐਸ.,**
ਸਕੱਤਰ ਪੰਜਾਬ ਸਰਕਾਰ।

*2070/7-2020/Pb. Govt. Press, S.A.S. Nagar*